


ਕੋਰਟ ਜਾਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਗਤੀ ਵਿਧੀਆਂ ਦੀ ਕਿਤਾਬ

ਹੈਲੋ ਮੇਰਾ ਨਾਮ ਕਾਯਾ ਹੈ,

ਅਤੇ ਇਹ ਮੇਰੀ ਦੋਸਤ ਲਿਲੀ ਹੈ।

ਹੈਲੋ ਮੇਰਾ ਨਾਮ ____________________

ਆਪਣਾ ਨਾਮ ਲਿਖੋ

ਤੁਹਾਨੂੰ ਮਿਲਕੇ ਖ਼ੁਸ਼ੀ ਹੋਈ! ਅਸੀਂ ਕੋਰਟ ਵਿੱਚ ਪਹਿਲਾਂ ਵੀ ਆ ਚੁੱਕੇ ਹਾਂ ਅਤੇ ਅਸੀਂ ਤੁਹਾਡੇ ਨਾਲ ਆਪਣਾ ਤਜਰਬਾ ਸਾਂਝਾ ਕਰਨਾ ਚਾਹੁੰਦੇ ਹਾਂ।

ਆਓ ਕੋਰਟ ਵਿੱਚ ਆਪਣੇ ਕੰਮ ਬਾਰੇ ਜਾਣੀਏ, ਇਹ ਬਹੁਤ ਹੀ ਜ਼ਰੂਰੀ ਕੰਮ ਹੈ!

ਕੋਰਟ ਵਿੱਚ ਸਾਡਾ ਕੰਮ ਜੱਜ ਨੂੰ ਉਹ ਸਭ ਦੱਸਣਾ ਹੈ ਜੋ ਕੁਝ ਹੋਇਆ।

ਹੋ ਸਕਦਾ ਹੈ ਉਹ ਸਭ ਤੁਹਾਡੇ ਨਾਲ ਹੋਇਆ ਹੋਵੇ ਜਾਂ ਤੁਸੀਂ ਕੁਝ ਅਜਿਹਾ ਦੇਖਿਆ ਹੋਵੇ।

ਜੱਜ ਨੂੰ ਇਹ ਸਭ ਦੱਸ ਕੇ ਤੁਸੀਂ ਗਵਾਹ ਬਣ ਜਾਂਦੇ ਹੋ।

ਇਸ ਕਿਤਾਬ ਨੂੰ ਪੜ੍ਹਕੇ ਤੁਸੀਂ ਗਵਾਹ ਬਣਨ ਬਾਰੇ ਜਾਣੋਗੇ।






ਕੋਰਟ ਹਾਊਸ ਉਹ ਥਾਂ ਹੈ ਜਿੱਥੇ ਗਵਾਹ ਆਕੇ ਉਹ ਸਭ ਦੱਸਦੇ ਹਨ ਜੋ ਉਹਨਾਂ ਨਾਲ ਹੋਇਆ ਹੁੰਦਾ ਹੈ ਜਾਂ ਉਹਨਾਂ ਨੇ ਜੋ ਕੁਝ ਹੁੰਦਾ ਵੇਖਿਆ ਹੁੰਦਾ ਹੈ।




ਜੱਜ ਕੋਰਟ ਰੂਮ ਵਿੱਚ ਸਾਹਮਣੇ ਬੈਠਦੇ ਹਨ।

ਜੱਜ ਕੋਰਟ ਵਿੱਚ ਬੋਲਣ ਵਾਲੇ ਹਰ ਵਿਅਕਤੀ ਨੂੰ ਧਿਆਨ ਨਾਲ ਸੁਣਦੇ ਹਨ।

ਉਹ ਤੁਹਾਨੂੰ ਕੁਝ ਸਵਾਲ ਵੀ ਪੁੱਛ ਸਕਦੇ ਹਨ।




ਕਰਾਉਨ ਕੌਂਸਲ ਉਹ ਵਕੀਲ ਹਨ ਜਿਹੜੇ ਤੁਹਾਨੂੰ ਸਵਾਲ ਪੁੱਛਣਗੇ।

ਜਦੋਂ ਕੋਰਟ ਰੂਮ ਵਿੱਚ ਕਰਾਉਨ ਕੌਂਸਲ ਤੁਹਾਡੇ ਤੋਂ ਸਵਾਲ ਪੁੱਛਣਗੇ ਤਾਂ ਜੱਜ ਬੜੇ ਧਿਆਨ ਨਾਲ ਤੁਹਾਡੇ ਜਵਾਬ ਸੁਣਨਗੇ।

ਹੋ ਸਕਦਾ ਹੈ ਤੁਸੀਂ ਵਕੀਲਾਂ ਨੂੰ "ਮੇਰੇ ਦੋਸਤ" ਕਹਿੰਦੇ ਹੋਏ ਸੁਣੋ।

ਕਰਾਉਨ ਕੌਂਸਲ ਅਤੇ ਡਿਫੈਂਸ ਕਾਉਂਸਲ ਅਕਸਰ ਇੱਕ ਦੂਜੇ ਨੂੰ "ਮੇਰੇ ਦੋਸਤ" ਕਹਿ ਕੇ ਬੁਲਾਉਂਦੇ ਹਨ, ਇਸ ਦਾ ਅਰਥ ਕੋਰਟ ਰੂਮ ਵਿੱਚ ਦੂਜਿਆਂ ਦਾ ਆਦਰ ਕਰਨਾ ਹੈ।




ਤੁਹਾਡੇ ਵਿਕਟਮ ਸਰਵਿਸ ਵਰਕਰ ਦੱਸਣਗੇ ਕਿ ਕੋਰਟ ਵਿੱਚ ਕੀ ਹੁੰਦਾ ਹੈ ਅਤੇ ਤੁਹਾਡੇ ਹਰ ਸਵਾਲ ਦਾ ਜਵਾਬ ਦੇਣਗੇ।

ਜਦੋਂ ਤੁਸੀਂ ਕੋਰਟ ਵਿੱਚ ਆਓਗੇ ਤਾਂ ਤੁਹਾਡੇ ਵਿਕਟਮ ਸਰਵਿਸ ਵਰਕਰ ਇਸ ਗੱਲ ਦਾ ਧਿਆਨ ਰੱਖਣਗੇ ਕਿ ਤੁਸੀਂ ਸੁਰੱਖਿਅਤ ਅਤੇ ਆਰਾਮਦਾਇਕ ਮਹਿਸੂਸ ਕਰੋ।




ਕੋਰਟ ਕਲਰਕ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਕੋਰਟ ਵਿੱਚ ਸਾਰਾ ਕੁਝ ਰਿਕਾਰਡ ਕੀਤਾ ਜਾਵੇ ਅਤੇ ਜੱਜ ਨੂੰ ਸਾਰੇ ਕੋਰਟ ਦੇ ਦਸਤਾਵੇਜ਼ ਦੇਣ ਵਿੱਚ ਮਦਦ ਕਰਦੇ ਹਨ।

ਸ਼ੈਰਿਫ਼ ਦਾ ਕੰਮ ਕੋਰਟ ਵਿੱਚ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਦਾ ਹੰਦਾ ਹੈ।




ਡਿਫੈਂਸ ਕੌਂਸਲ ਦੋਸ਼ੀ ਦਾ ਵਕੀਲ ਹੁੰਦਾ ਹੈ।


ਡਿਫੈਂਸ ਕੌਂਸਲ ਤੁਹਾਡੇ ਤੋਂ ਉਸ ਬਾਰੇ ਸਵਾਲ ਪੁੱਛੇਗਾ ਜੋ ਕੁਝ ਤੁਹਾਡੇ ਨਾਲ ਹੋਇਆ ਜਾਂ ਜੋ ਕੁਝ ਤੁਸੀਂ ਵੇਖਿਆ।

ਦੋਸ਼ੀ ਕੌਣ ਹੁੰਦਾ ਹੈ?

ਦੋਸ਼ੀ ਉਹ ਹੁੰਦਾ/ਹੁੰਦੀ ਹੈ ਜਿਸਨੂੰ ਕਰਾਉਨ ਕੌਂਸਲ ਨੇ ਕੋਈ ਗਲਤ ਕੰਮ ਕਰਨ ਜਾਂ ਕਾਨੂੰਨ ਤੋੜਣ ਦੇ ਦੋਸ਼ ਲਾਏ ਹੁੰਦੇ ਹਨ।

ਦੋਸ਼ੀ ਨੂੰ ਸਾਰੇ ਗਵਾਹਾਂ ਦੇ ਸਬੂਤ ਅਤੇ ਜੱਜ ਦਾ ਫ਼ੈਸਲਾ ਸੁਣਨ ਲਈ ਕਿ ਉਹ ਦੋਸ਼ੀ ਹੈ ਜਾਂ ਨਹੀਂ ਕੋਰਟ ਵਿੱਚ ਹਾਜ਼ਰ ਹੋਣਾ ਪੈਂਦਾ ਹੈ।






## ਗਵਾਹ ਦੇ ਤੌਰ 'ਤੇ ਤੁਹਾਡਾ ਕੰਮ

- ਧਿਆਨ ਨਾਲ ਸੁਣੋ ਅਤੇ ਜਵਾਬ ਦੇਣ ਲਈ ਪੂਰਾ ਸਮਾਂ ਲਓ।
- ਜੇਕਰ ਤੁਹਾਨੂੰ ਸਵਾਲ ਸਮਝ ਨਹੀਂ ਆਇਆ ਤਾਂ ਤੁਸੀਂ ਜੱਜ ਨੂੰ ਦੱਸ ਸਕਦੇ ਹੋ।
- ਜੇਕਰ ਤੁਹਾਨੂੰ ਕਿਸੇ ਸਵਾਲ ਦੇ ਜਵਾਬ ਬਾਰੇ ਪੱਕਾ ਨਹੀਂ ਪਤਾ ਤਾਂ ਵੀ ਜੱਜ ਨੂੰ ਇਸ ਬਾਰੇ ਦੱਸ ਸਕਦੇ ਹੋ।
- ਜੇਕਰ ਤੁਸੀਂ ਕਿਸੇ ਦੀ ਕਹੀ ਗੱਲ ਨਾਲ ਸਹਿਮਤ ਨਹੀਂ ਹੋ ਤਾਂ ਵੀ ਜੱਜ ਨੂੰ ਦੱਸ ਸਕਦੇ ਹੋ ਕਿ ਤੁਸੀਂ ਇਸ ਕਹੀ ਗੱਲ ਨਾਲ ਸਹਿਮਤ ਨਹੀਂ ਹੋ ।

## ਕੋਰਟ ਵਿੱਚ ਕੀ ਹੁੰਦਾ ਹੈ

- ਕਰਾਉਨ ਕੌਂਸਲ ਤੁਹਾਨੂੰ ਸਵਾਲ ਪੁੱਛੇਗਾ।
- ਡਿਫੈਂਸ ਕਾਉਂਸਲ ਤੁਹਾਨੂੰ ਸਵਾਲ ਪੁੱਛੇਗਾ।
- ਜਦੋਂ ਤੁਹਾਡਾ ਕੰਮ ਖਤਮ ਹੋ ਜਾਵੇਗਾ ਤਾਂ ਜੱਜ ਤੁਹਾਨੂੰ ਦੱਸ ਦੇਣਗੇ।



ਮੇਰੇ ਵਿੱਚ ਰੰਗ ਭਰੋ

## ਫੈਸਿਲਟੀ ਦਾ ਮਾਨਤਾ ਪ੍ਰਾਪਤ ਕੁੱਤਾ

ਕੁਝ ਕੇਸਾਂ ਵਿੱਚ ਫੈਸਿਲਟੀ ਦਾ ਮਾਨਤਾ ਪ੍ਰਾਪਤ ਕੁੱਤਾ ਗਵਾਹ ਦੇ ਨਾਲ ਕੋਰਟ ਤੱਕ ਜਾ ਸਕਦਾ ਹੈ। ਇਹ ਕੁੱਤਾ ਉੱਚ ਦਰਜੇ ਦੀ ਸਿਖਲਾਈ ਪ੍ਰਾਪਤ ਇੱਕ ਮਾਹਿਰ ਕੁੱਤਾ ਹੁੰਦਾ ਹੈ।

## ਗਵਾਹੀ ਦੇਣ ਲਈ ਸਹਾਇਤਾ ਸਾਧਨ



ਗਵਾਹਾਂ ਨੂੰ ਕੋਰਟ ਵਿੱਚ ਗਵਾਹੀ ਦੇਣ ਲਈ ਸਹਾਇਤਾ ਮਿਲਣ ਨਾਲ ਉਹਨਾਂ ਦਾ ਕੰਮ ਥੋੜਾ ਸੌਖਾ ਹੋ ਸਕਦਾ ਹੈ। ਛੋਟੀ ਉਮਰ ਦੇ ਗਵਾਹ ਅਕਸਰ ਕੋਰਟ ਰੂਮ ਤੋਂ ਬਾਹਰ ਜਾਂ ਕੋਰਟ ਰੂਮ ਦੇ ਅੰਦਰ ਕਲੋਜ਼ਡ ਸਰਕਟ ਟੀਵੀ ਰਾਹੀਂ ਆਪਣੀ ਗਵਾਹੀ ਦੇ ਸਕਦੇ ਹਨ।



ਛੋਟੀ ਉਮਰ ਦੇ ਪੀੜਤ ਅਤੇ ਗਵਾਹ ਅਕਸਰ ਕੋਰਟ ਰੂਮ ਦੇ ਅੰਦਰ ਗਵਾਹੀ ਦੇ ਸਕਦੇ ਹਨ ਪਰ ਇੱਕ ਸਕਰੀਨ ਦੇ ਪਿੱਛੇ ਜਿਸ ਨਾਲ ਉਹ ਅਪਰਾਧੀ ਨੂੰ ਨਹੀਂ ਵੇਖ ਸਕਦੇ।



ਛੋਟੀ ਉਮਰ ਦੇ ਗਵਾਹਾਂ ਨਾਲ ਗਵਾਹੀ ਦੇਣ ਵੇਲੇ ਅਕਸਰ ਇੱਕ ਸਹਾਇਕ ਨਾਲ ਹੁੰਦਾ/ਹੁੰਦੀ ਹੈ।



ਹੋ ਸਕਦਾ ਹੈ ਤੁਸੀਂ ਜੋ ਵੇਖਿਆ ਹੋਵੇ ਜਾਂ ਜੋ ਤੁਹਾਡੇ ਨਾਲ ਹੋਇਆ ਹੋਵੇ ਉਸ ਬਾਰੇ ਤੁਸੀਂ ਪੁਲਿਸ ਨਾਲ ਗੱਲ ਕੀਤੀ ਹੋਵੇ।
ਜੇਕਰ ਪੁਲਿਸ ਨੇ ਤੁਹਾਡੀ ਉਹ ਗੱਲਬਾਤ ਵੀਡੀਓ ਕੈਮਰੇ 'ਤੇ ਰਿਕਾਰਡ ਕੀਤੀ ਹੋਵਗੀ ਤਾਂ ਉਹ ਵੀਡੀਓ ਵੀ ਕੋਰਟ ਵਿੱਚ ਚਲਾਈ ਜਾ ਸਕਦੀ ਹੈ।

ਤੁਸੀਂ ਫੇਰ ਵੀ ਕੋਰਟ ਜਾਓਗੇ, ਵੀਡੀਓ ਦੇਖੋਗੇ ਅਤੇ ਉਸ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਦੇਵੋਗੇ।




ਜੱਜ ਦੇ ਕਹਿਣ ਤੋਂ ਬਾਅਦ ਕਿ ਤੁਹਾਡਾ ਕੰਮ ਖ਼ਤਮ ਹੋ ਗਿਆ, ਤੁਸੀਂ ਆਪਣਾ ਜ਼ਰੂਰੀ ਕੰਮ ਪੂਰਾ ਕਰ ਲਿਆ ਹੈ।

ਕੋਰਟ ਤੋਂ ਬਾਅਦ ਜੱਜ ਦਾ ਕੰਮ

ਜੱਜ ਸਾਰੇ ਗਵਾਹਾਂ ਦੀ ਗੱਲ ਸੁਣਦੇ ਹਨ ਅਤੇ ਇਹ ਫ਼ੈਸਲਾ ਕਰਦੇ ਹਨ ਕਿ ਦੋਸ਼ੀ ਵਿਅਕਤੀ ਨੂੰ ਕਸੂਰਵਾਰ ਮੰਨਣ ਲਈ ਸਬੂਤ ਕਾਫ਼ੀ ਹਨ ਜਾਂ ਨਹੀਂ। ਜੇਕਰ ਜੱਜ ਨੂੰ ਇਸ ਗੱਲ ਦਾ ਯਕੀਨ ਹੋ ਜਾਂਦਾ ਹੈ ਕਿ ਦੋਸ਼ੀ ਵਿਅਕਤੀ ਨੇ ਕਾਨੂੰਨ ਤੋੜਿਆ ਹੈ ਤਾਂ ਉਹ ਕਸੂਰਵਾਰ ਮੰਨ ਲਿਆ ਜਾਂਦਾ ਹੈ। ਜੇਕਰ ਜੱਜ ਨੂੰ ਯਕੀਨ ਹੈ ਕਿ ਦੋਸ਼ੀ ਵਿਅਕਤੀ ਨੇ ਕਾਨੂੰਨ ਨਹੀਂ ਤੋੜਿਆ ਤਾਂ ਉਹ ਕਸੂਰਵਾਰ ਨਹੀਂ ਮੰਨਿਆ ਜਾਂਦਾ।

ਜੱਜ ਭਾਵੇਂ ਕੋਈ ਵੀ ਫ਼ੈਸਲਾ ਸੁਣਾਏ, ਤੁਸੀਂ ਕੋਰਟ ਆਏ ਅਤੇ ਸੱਚ ਦੱਸਿਆ।

'ਤੁਹਾਡੀ ਆਵਾਜ਼ ਸੁਣੀ ਗਈ!"




ਕੀ ਤੁਸੀਂ ਉਹਨਾਂ ਸਾਰੀਆਂ ਚੀਜ਼ਾਂ ਦੁਆਲੇ ਗੋਲੇ ਦਾ ਨਿਸ਼ਾਨ ਲਾ ਸਕਦੇ ਹੋ ਜੋ ਕੋਰਟ ਵਿੱਚ ਨਹੀਂ ਹੋਣੀਆਂ ਚਾਹੀਦੀਆਂ?




"ਜਿੰਨਾ ਤੁਸੀਂ ਸਮਝਦੇ ਹੋ ਤੁਸੀਂ ਉਸ ਤੋਂ ਕਿਤੇ ਵੱਧ ਬਹਾਦੁਰ ਹੋ, ਜਿੰਨੇ ਦਿੱਸਦੇ ਹੋ ਉਸ ਤੋਂ ਕਿਤੇ ਵੱਧ ਮਜ਼ਬੂਤ, ਜਿੰਨਾ ਸੋਚਦੇ ਹੋ ਉਸ ਤੋਂ ਕਿਤੇ ਵੱਧ ਹੁਸ਼ਿਆਰ ਹੋ ਅਤੇ ਤੁਹਾਨੂੰ ਸਾਰੇ ਕਿਤੇ ਵੱਧ ਪਿਆਰ ਕਰਦੇ ਹਨ।"

**ਵਿੰਨੀ ਦ ਪੂਹ**

ਇਸ ਕਿਤਾਬਚੇ ‘ਤੇ ਕੰਮ ਕਰਨ ਲਈ ਸਾਰੀ ਕਮੇਟੀ ਦਾ ਵਿਸ਼ੇਸ਼ ਧੰਨਵਾਦ

ਪੌਲਾ, ਅਜ਼ਾਰੀਆ, ਜੂਲੀਆ, ਸਾਰਾਹ, ਡੈੱਬ, ਸਪਨਾ, ਜੂਡੀ ਅਤੇ ਅਮਰਜੀਤ

(ਸੋਫੀਜ਼ ਪਲੇਸ ਸੀ-ਵਾਈ-ਏ-ਸੀ ਮਲਟੀ ਡਿਸਿਪਲਨਰੀ ਟੀਮ)

ਕਿਤਾਬਚੇ ਦੀ ਕਲਾ - ਪੈਟ ਕਾਲਡਰ

9460 -140 ਸਟਰੀਟ

ਸਰੀ ਬੀ ਸੀ V3V 5Z4

the-centre.org/sophies-place/

Supported by the Province of British Columbia